Salford City Council

**ਮਾਨਚੈਸਟਰ ਵਿਚ ਸਾਡੀ ਪਬਲਿਕ ਹੈਲਥ ਟੀਮ ਦੀ ਸਹਾਇਤਾ ਨਾਲ ਹੇਠਾਂ ਦਿੱਤੀ ਸਲਾਹ ਤਿਆਰ ਕੀਤੀ ਗਈ ਹੈ ਤਾਂ ਕਿ ਸਤੰਬਰ ਵਿਚ ਬੱਚਿਆਂ ਦੇ ਸਕੂਲ ਜਾਣ ਤੋਂ ਪਹਿਲਾਂ ਮਾਪਿਆਂ ਅਤੇ ਦੇਖ-ਭਾਲ ਕਰਨ ਵਾਲਿਆਂ ਨੂੰ ਵੱਧ ਤੋਂ ਵੱਧ ਜਾਣਕਾਰੀ ਦਿੱਤੀ ਜਾ ਸਕੇ। ਮਾਪਿਆਂ/ਦੇਖ-ਭਾਲ ਕਰਨ ਵਾਲਿਆਂ ਲਈ, ਸਤੰਬਰ ਵਿਚ ਹੋਰ ਆਸ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਅਤੇ ਮਿਆਰਾਂ ਬਾਰੇ, ਹੋਰ ਜਾਣਕਾਰੀ ਇਸ ਲਿੰਕ ਤੇ ਵੀ ਉਪਲਬਧ ਹੈ:**

https://www.gov.uk/government/publications/what-parents-and-carers-need-to-know-about-early-years-providers-schools-and-colleges-during-the-coronavirus-covid-19-outbreak

## ਕੀ ਮੇਰੇ ਬੱਚੇ ਲਈ ਸਤੰਬਰ ਵਿਚ ਸਕੂਲ ਜਾਣਾ ਜ਼ਰੂਰੀ ਹੈ?

ਜੀ ਹਾਂ; ਸਤੰਬਰ ਵਿਚ ਅਗਲੇ ਵਿਦਿਅਕ ਵਰ੍ਹੇ ਦੀ ਸ਼ੁਰੂਆਤ ਤੋਂ, ਸਕੂਲ ਦੀ ਉਮਰ ਦੇ ਸਾਰੇ ਬੱਚਿਆਂ ਲਈ ਸਕੂਲ ਜਾਣਾ ਜ਼ਰੂਰੀ ਹੈ।

## ਇਹ ਕਿੰਨਾ ਸੁਰੱਖਿਅਤ ਹੋਵੇਗਾ?

ਸਾਡੇ ਸਕੂਲ ਇਨਫੈਕਸ਼ਨ ਦੇ ਖਤਰੇ ਨੂੰ ਘੱਟ ਕਰਨ ਲਈ, ਐਸਾ ਵਾਤਾਵਰਣ ਦੇ ਸਕਦੇ ਹਨ ਜਿਸ ਵਿਚ ਅੱਛਾ ਪ੍ਰਬੰਧ ਹੋਵੇਗਾ। ਇੰਗਲੈਂਡ ਦੀ ਪਬਲਿਕ ਹੈਲਥ ਨੇ ਕਿਹਾ ਹੈ ਕਿ ਜੇ ਵਾਤਾਵਰਣ ਨੂੰ ਇਸ ਤਰ੍ਹਾਂ ਬਣਾਇਆ ਜਾਂਦਾ ਹੈ ਤਾਂ ਬਿਮਾਰੀ ਫੈਲਣ ਦਾ ਖਤਰਾ ਘਟ ਜਾਏਗਾ। ਇਨ੍ਹਾਂ ਸੁਝਾਵਾਂ ਵਿਚ ਇਹ ਸ਼ਾਮਲ ਹਨ:

- ਬੱਚਿਆਂ ਨੂੰ ਚੁੱਕਣ ਅਤੇ ਛੱਡਣ ਵਿਚ ਤਬਦੀਲੀਆਂ, ਸੰਕੇਤਾਂ ਵਿਚ ਸੁਧਾਰ ਅਤੇ ਇਕ ਤਰਫਾ ਆਉਣ-ਜਾਣ ਦਾ ਸਿਸਟਮ;
- ਇਹ ਪੱਕਾ ਕਰਨਾ ਕਿ ਜਿਨ੍ਹਾਂ ਨੂੰ ਜਾਂ ਜਿਨ੍ਹਾਂ ਦੇ ਪਰਿਵਾਰ ਵਿਚ ਕਿਸੇ ਨੂੰ ਕਰੋਨਾਵਾਇਰਸ ਦੀਆਂ ਨਿਸ਼ਾਨੀਆਂ ਹਨ, ਉਹ ਸਕੂਲ ਨਾ ਆਉਣ;
- ਆਮ ਨਾਲੋਂ ਜ਼ਿਆਦਾ ਵਾਰ ਹੱਥ ਧੋਣਾ;
- ਛਿੱਕ ਮਾਰਨ ਤੇ ਅੱਛੀ ਤਰ੍ਹਾਂ ਸਫਾਈ ਕਰਨ ਲਈ ਕਹਿਣਾ/ ਟਿਸ਼ੂ ਮੂੰਹ ਅੱਗੇ ਰੱਖ ਕੇ ਖੰਘਣਾ ਅਤੇ ਉਸ ਨੂੰ ਬਿਨ ਵਿਚ ਪਾਉਣਾ;
- ਅਕਸਰ ਹੱਥ ਲੱਗਣ ਵਾਲੀਆਂ ਥਾਂਵਾਂ ਦੀ ਸਫਾਈ ਕਰਨੀ;
- ਆਪਸੀ ਸੰਪਰਕ ਘਟਾਉਣ ਲਈ ਕਲਾਸਰੂਮ ਦੀ ਬਣਤਰ ਅਤੇ ਟਾਇਮਟੇਬਲ ਵਿਚ ਬਦਲਾਵ;
- ਨਿਯਮਤ ਅੱਛੀ ਤਰ੍ਹਾਂ ਸਫਾਈ
- ਇਨਫੈਕਸ਼ਨ ਤੇ ਕੰਟਰੋਲ ਕਰਨ ਲਈ ਵਿਦਿਆਰਥੀਆਂ ਦੇ ਗਰੁਪ (ਬਬਲ) ਤਿਆਰ ਕਰਨਾ।

## ਮੇਰਾ ਬੱਚਾ ਸਕੂਲ ਕਿਵੇਂ ਆਏ ਜਾਏਗਾ?

ਸਮਾਜਿਕ ਦੂਰੀ ਬਣਾਈ ਰੱਖਣ ਦੇ ਕਾਰਨ ਪਬਲਿਕ ਟ੍ਰਾਂਸਪੋਰਟ ਅਤੇ ਸਕੂਲ ਬਸ ਸੇਵਾਵਾਂ ਘੱਟ ਕੀਤੀਆਂ ਜਾ ਸਕਦੀਆਂ ਹਨ। ਅਸੀਂ ਆਵਾਜਾਈ ਦੇ ਹੋਰ ਤਰੀਕਿਆਂ ਜਿਵੇਂ ਪੈਦਲ, ਸਾਇਕਲ, ਕਾਰ ਨੂੰ ਵਰਤਣ ਲਈ ਉਤਸ਼ਾਹ ਦੇਵਾਂਗੇ, ਜਿਥੇ ਵੀ ਸੰਭਵ ਹੋਵੇ, ਇਹ ਪੱਕਾ ਕਰਨ ਲਈ ਕਿ ਉਨ੍ਹਾਂ ਬੱਚਿਆਂ ਲਈ ਪਬਲਿਕ ਟ੍ਰਾਂਸਪੋਰਟ ਵਿਚ ਥਾਵਾਂ ਹੋਣ ਜਿਨ੍ਹਾਂ ਕੋਲ ਕੋਈ ਹੋਰ ਸਾਧਨ ਨਹੀਂ ਹਨ।

## ਇਹ 'ਬਬਲ' ਕਿਸ ਤਰ੍ਹਾਂ ਦਾ ਹੋਵੇਗਾ?

ਇਹ ਬਹੁਤ ਸਾਰਾ ਉਸ ਸਕੂਲ ਤੇ ਨਿਰਭਰ ਕਰਦਾ ਹੈ ਜਿਸ ਵਿਚ ਤੁਹਾਡਾ ਬੱਚਾ ਜਾਂਦਾ ਹੈ। ਲੋਕਾਂ ਵਿਚਾਲੇ ਸੰਪਰਕ ਨੂੰ, ਜਿਨ੍ਹਾਂ ਸੰਭਵ ਹੋ ਸਕੇ, ਘੱਟ ਕਰਨਾ ਮੁੱਖ ਕੰਮ ਹੈ। ਇਸ ਨੂੰ ਵਿਦਿਆਰਥੀਆਂ ਨੂੰ 'ਬਬਲ' ਵਿਚ ਰੱਖਣ ਰਾਹੀਂ ਪ੍ਰਾਪਤ ਕੀਤਾ ਜਾਏਗਾ। ਕੁਝ ਬਬਲ 30 ਜਿੰਨੇ ਛੋਟੇ ਹੋ ਸਕਦੇ ਹਨ ਜਦੋਂ ਕਿ ਵੱਡੇ ਪ੍ਰਾਇਮਰੀ ਸਕੂਲ ਜਾਂ ਸੈਕੰਡਰੀ ਸਕੂਲ ਵਿਚ, 'ਬਬਲ' ਇਕ ਪੂਰੀ ਕਲਾਸ ਹੋ ਸਕਦੀ ਹੈ। ਵਿਦਿਆਰਥੀਆਂ ਦੇ ਵਿਚਾਲੇ ਆਪਸੀ ਸੰਪਰਕ ਘਟਾਉਣ ਲਈ:

- 'ਬਬਲ' ਕਲਾਸ ਦੇ ਸ਼ੁਰੂ ਅਤੇ ਸਮਾਪਤੀ ਸਮੇਂ ਤੋਂ ਹੋ ਸਕਦਾ ਹੈ;
- 'ਬਬਲ' ਸਕੂਲ ਦੇ ਵੱਖਰੇ ਖੇਤਰਾਂ ਵਿਚ ਬਰੇਕ ਦਾ ਸਮਾਂ ਅਤੇ ਦੁਪਹਿਰ ਦੇ ਖਾਣੇ ਦੇ ਸਮੇਂ ਤੋਂ ਹੋ ਸਕਦਾ ਹੈ;
- ਸਕੂਲ ਦਾ ਟਾਇਮ ਟੇਬਲ ਬਦਲਿਆ ਜਾ ਸਕਦਾ ਹੈ।

## ਦਿਨ ਵਿਚ ਵਿਦਿਆਰਥੀ ਕਿੰਨੀ ਵਾਰ ਆਪਣੇ ਹੱਥ ਧੋਣਗੇ?

ਬੱਚਿਆਂ ਦੇ ਸਕੂਲ ਵਿਚ ਦਾਖਲ ਹੁੰਦੇ ਹੀ, ਦਿਨ ਭਰ ਵਿਚ ਬਾਕਾਇਦਾ ਹੋਣ ਵਾਲੀਆਂ ਇਨਟਰਵਲਾਂ ਵਿਚ ਅਤੇ ਘਰ ਜਾਣ ਤੋਂ ਪਹਿਲਾਂ ਸਕੂਲ ਵਾਲੇ ਉਨ੍ਹਾਂ ਦੇ ਹੱਥ ਧੁਆਉਣਗੇ।

## ਸਕੂਲ ਵਿਚ ਬਾਥਰੂਮਾਂ ਦੀ ਵਰਤੋਂ ਕਰਨਾ ਕਿੰਨਾ ਸੁਰੱਖਿਅਤ ਹੈ?

ਸਕੂਲ ਬਾਥਰੂਮਾਂ ਦੀ ਸਾਫਾਈ ਨੂੰ ਪੱਕਾ ਕਰਨ ਲਈ ਵਾਧੂ ਕਦਮ ਚੁੱਕਣਗੇ, ਸ਼ਾਮਲ:

- ਦਿਨ ਭਰ ਬਾਕਾਇਦਾ ਸਮੇਂ-ਸਮੇਂ ਤੇ ਸਫਾਈ ਕਰਨੀ;
- ਹਰ ਸ਼ਾਮ ਜਾਂ ਸਕੂਲ ਤੋਂ ਪਹਿਲਾਂ ਚੰਗੀ ਤਰ੍ਹਾਂ ਸਫਾਈ ਕਰਨੀ ਅਤੇ ਇਸ ਵਿਚ ਪੂਰੇ ਸਕੂਲ ਵਿਚ ਖਾਸ ਤੌਰ ਤੇ ਹੱਥ ਲੱਗਣ ਵਾਲੀਆਂ ਥਾਂਵਾਂ ਸਾਫ ਕਰਨੀਆਂ ਸ਼ਾਮਲ ਹੋਵੇਗਾ ਜਿਵੇਂ ਕਿ ਦਰਵਾਜ਼ੇ ਦੇ ਹੈਂਡਲ, ਲਾਇਟ ਦੇ ਸਵਿੱਚ ਆਦਿ।

## ਕੀ ਸਕੂਲ ਨਿੱਜੀ ਸੁਰੱਖਿਆ ਦੇ ਸਾਜ਼ੋ-ਸਮਾਨ (ਪੀ ਪੀ ਈ) ਦੀ ਵਰਤੋਂ ਕਰਨਗੇ?

ਸਕੂਲਾਂ ਵਿਚ ਮੂੰਹ ਢੱਕਣ ਜਾਂ ਫੇਸ ਮਾਸਕ ਦੀ ਵਰਤੋਂ ਲਈ ਨਹੀਂ ਕਿਹਾ ਜਾਂਦਾ। ਪੀ ਪੀ ਈ ਸਿਰਫ ਤਾਂ ਵਰਤੀ ਜਾਏਗੀ ਜੇ ਸਕੂਲ ਸਮੇਂ ਦੌਰਾਨ ਕਿਸੇ ਬੱਚੇ, ਨੌਜਵਾਨ ਜਾਂ ਹੋਰ ਸਿੱਖਣ ਵਾਲੇ ਦੀ ਕਰੋਨਾ ਵਾਇਰਸ ਦੀਆਂ ਨਿਸ਼ਾਨੀਆਂ ਕਾਰਨ ਸਿਹਤ ਖਰਾਬ ਹੋ ਜਾਂਦੀ ਹੈ ਅਤੇ ਜਦੋਂ ਤੱਕ ਉਸ ਨੂੰ ਸਿੱਧੀ ਨਿੱਜੀ ਦੇਖ-ਭਾਲ ਦੀ ਜ਼ਰੂਰਤ ਪੈਂਦੀ ਹੈ ਅਤੇ ਉਹ ਘਰ ਨਹੀਂ ਚਲਾ ਜਾਂਦਾ। ਇਸ ਦੇ ਨਾਲ ਨਾਲ, ਉਨ੍ਹਾਂ ਬੱਚਿਆਂ, ਨੌਜਵਾਨਾਂ ਅਤੇ ਵਿਦਿਆਰਥੀਆਂ ਲਈ ਵੀ ਜਿਨ੍ਹਾਂ ਦੀ ਦੇਖ-ਭਾਲ ਵਿਚ ਨਿਯਮਤ ਤੌਰ ਤੇ ਪਹਿਲਾਂ ਹੀ ਪੀ ਪੀ ਈ ਦੀ ਵਰਤੋਂ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਉਸੇ ਤਰ੍ਹਾਂ ਦੀ ਦੇਖ-ਭਾਲ ਮਿਲਣੀ ਜਾਰੀ ਰਹੇਗੀ।

## ਜੇ ਦਿਨ ਦੌਰਾਨ ਸਕੂਲ ਵਿਚ ਕਿਸੇ ਬੱਚੇ ਨੂੰ ਕੋਵਿਡ ਦੀਆਂ ਨਿਸ਼ਾਨੀਆਂ ਹੋ ਜਾਂਦੀਆਂ ਹਨ ਤਾਂ ਕੀ ਹੋਵੇਗਾ?

- ਜੇ ਸਕੂਲ ਵਾਲੇ ਦਿਨ ਕਿਸੇ ਨੂੰ ਕੋਵਿਡ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ, ਤਾਂ ਉਨ੍ਹਾਂ ਨੂੰ ਇਕ ਨਿਰਧਾਰਿਤ ਕਮਰੇ ਵਿਚ ਲੈ ਜਾਇਆ ਜਾਏਗਾ।
- ਜੇ ਜ਼ਰੂਰੀ ਹੋਵੇਗਾ ਤਾਂ ਸਟਾਫ ਸਹਾਇਤਾ ਦੇਣ ਲਈ ਪੀ ਪੀ ਈ ਦੀ ਵਰਤੋ ਕਰਨਗੇ।
- ਮਾਪਿਆਂ/ਨਜ਼ਦੀਕੀ ਰਿਸ਼ਤੇਦਾਰ ਨਾਲ ਸੰਪਰਕ ਕੀਤਾ ਜਾਏਗਾ ਅਤੇ ਉਸ ਨੂੰ ਸਕੂਲ ਤੋਂ ਛੇਤੀ ਤੋਂ ਛੇਤੀ ਲੈ ਕੇ ਜਾਣ ਦੀ ਆਸ ਕੀਤੀ ਜਾਏਗੀ ਅਤੇ ਉਨ੍ਹਾਂ ਨੂੰ "ਘਰ ਦੇ ਅੰਦਰ ਰਹੋ: ਕਰੋਨਾ ਵਾਇਰਸ ਹੋਣ ਦੀ ਪੁਸ਼ਟੀ ਜਾਂ ਦੀ ਸੰਭਾਵਨਾ ਵਾਲੇ ਪਰਿਵਾਰਾਂ ਲਈ ਰਹਿਨੁਮਾਈ" ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਜਾਏਗੀ। ਉਨ੍ਹਾਂ ਨੂੰ ਕਮ ਸੇ ਕਮ 7 ਦਿਨ ਆਪਣੇ ਆਪ ਨੂੰ ਅਲੱਗ ਰੱਖਣਾ ਚਾਹੀਦਾ ਹੈ ਅਤੇ ਇਹ ਦੇਖਣ ਲਈ ਕਿ ਉਨ੍ਹਾਂ ਨੂੰ ਕਰੋਨਾ ਵਾਇਰਸ ਹੈ ਕਿ ਨਹੀਂ ਟੈਸਟ ਕਰਵਾਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਜਦੋਂ ਪਰਿਵਾਰ ਦੇ ਪਹਿਲੇ ਮੈਂਬਰ ਨੂੰ ਨਿਸ਼ਾਨੀਆਂ ਹੋਈਆਂ ਸਨ ਉਸ ਦਿਨ ਤੋਂ ਪਰਿਵਾਰ ਦੇ ਦੂਸਰੇ ਮੈਂਬਰਾਂ (ਜਿਸ ਵਿਚ ਭੈਣ-ਭਰਾ ਸ਼ਾਮਲ ਹਨ) ਨੂੰ 14 ਦਿਨਾਂ ਲਈ ਆਪਣੇ ਆਪ ਨੂੰ ਅਲੱਗ ਰੱਖਣਾ ਚਾਹੀਦਾ ਹੈ।